ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-1 ਸਾਖਾ)

ਵਿਸਾ:- ਮੰਤਰੀ ਮੰਡਲ ਦੀ ਮਿਤੀ 3 ਦਸੰਬਰ, 2011 ਨੂੰ ਹੋਈ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਨੂੰ ਲਾਗੂ ਕਰਨ ਬਾਰੇ।

***

ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ ਕਿਰਪਾ ਕਰਕੇ ਉਪਰੋਕਤ ਵਿਸੇ ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਕੈਬਨਿਟ ਸਬ-ਕਮੇਟੀ ਵੱਲੋਂ ਮਿਤੀ 26.11.2011 ਨੂੰ ਸਾਮ ਦੇ 4:00 ਵਜੇ ਪੰਜਾਬ ਭਵਨ, ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿੱਚ ਕੀਤੀਆਂ ਸਿਫਾਰਸਾਂ ਨੂੰ ਵਿਚਾਰਨ ਉਪਰੰਤ ਮੰਤਰੀ ਪ੍ਰੀਸਦ ਵੱਲੋਂ ਮਿਤੀ 3.12.2011 ਨੂੰ ਹੋਈ ਮੀਟਿੰਗ ਵਿੱਚ ਹੇਠ ਅਨੁਸਾਰ ਪ੍ਰਵਾਨਗੀ ਦਿੱਤੀ ਗਈ ਹੈ:-

ਸਿੱਖਿਆ ਵਿਭਾਗ ਦੇ 7654 ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਵਿੱਚੋਂ ਲੈਕਚਰਾਰਾਂ ਨੂੰ 10,000/-ਰੁ: ਪ੍ਰਤੀ ਮਹੀਨਾ, ਮਾਸਟਰ ਨੂੰ 9000/-ਰੁ: ਪ੍ਰਤੀ ਮਹੀਨਾ, ਵੋਕੇਸਨਲ ਮਾਸਟਰ/ਮਿਸਟ੍ਰੈਸ ਨੂੰ 9400/-ਰੁ: ਪ੍ਰਤੀ ਮਹੀਨਾ, ਆਰਟ ਐਂਡ ਕਰਾਫਟ ਟੀਚਰਾਂ ਨੂੰ 8100/-ਰੁ: ਪ੍ਰਤੀ ਮਹੀਨਾ, ਸੀਨੀਅਰ ਲੈਬਾਟਰੀ ਅਟੈਂਡੈਂਟ ਨੂੰ 6000/-ਰੁ: ਪ੍ਰਤੀ ਮਹੀਨਾ, ਸਹਾਇਕ ਲਾਇਬ੍ਰੇਰੀਅਨ ਨੂੰ 7000/-ਰੁ: ਪ੍ਰਤੀ ਮਹੀਨਾ, ਲਾਇਬ੍ਰੇਰੀ ਰਿਸਟੋਰਰ ਨੂੰ 6200/-ਰੁ: ਪ੍ਰਤੀ ਮਹੀਨਾ ਮਿਲਣਯੋਗ ਹੋਵੇਗਾ ਅਤੇ ਅੱਗੋਂ ਤੋਂ ਇਸ ਵਿੱਚ 10 ਪ੍ਰਤੀਸਤ ਸਾਲਾਨਾ ਵਾਧਾ ਕਰਨਯੋਗ ਹੋਵੇਗਾ। ਇਸ ਵਾਧੇ ਦੀ ਗਣਨਾ ਸਾਧਾਰਨ ਵਿਧੀ ਨਾਲ ਅਰਥਾਤ non-compounding basis ਤੇ ਕੀਤੀ ਜਾਵੇਗੀ। ਇਹ ਫੈਸਲਾ ਮਿਤੀ 1.12.2011 ਤੋਂ ਲਾਗੂ ਹੋਵੇਗਾ। ਇਨ੍ਹਾਂ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਲਈ ਤਿੰਨ ਸਾਲ ਦਾ ਸਮਾਂ ਸਬੰਧਿਤ ਬੈਚ ਦੇ ਪਹਿਲੇ ਕਰਮਚਾਰੀ ਵੱਲੋਂ ਸੇਵਾ ਜਾਇੰਨ ਕਰਨ ਦੀ ਮਿਤੀ ਤੋਂ ਗਿਣਿਆ ਜਾਵੇਗਾ।

3. ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮੰਤਰੀ ਪ੍ਰੀਸਦ ਦੇ ਇਸ ਫੈਸਲੇ ਨੂੰ ਲਾਗੂ ਕਰਨ ਲਈ ਲੋੜੀਂਦੀ ਕਾਰਵਾਈ ਤੁਰੰਤ ਕੀਤੀ ਜਾਵੇ ਅਤੇ ਇਸ ਸਬੰਧੀ ਕੀਤੀ ਗਈ ਕਾਰਵਾਈ ਤੋਂ ਵਿੱਤ ਵਿਭਾਗ ਅਤੇ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸਾਖਾ) ਨੂੰ ਸੂਚਿਤ ਕੀਤਾ ਜਾਵੇ।

ਅਧੀਨ ਸਕੱਤਰ ਵਿੱਤ

ਸੇਵਾ ਵਿਖੇ

ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ

ਅੰ:ਵਿ:ਪੱ:ਨੰ: 7/104/2011-5ਵਿਪ1/1091 ਮਿਤੀ, ਚੰਡੀਗੜ੍ਹ: 15 ਦਸੰਬਰ, 2011

ਇਸ ਦਾ ਇੱਕ ਉਤਾਰਾ ਸੁਪਰਡੰਟ ਵਿੱਤ ਖਰਚਾ-2 ਸਾਖਾ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ,

ਸੁਪਰਡੰਟ ਵਿੱਤ ਖਰਚਾ-2 ਸਾਖਾ,
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

ਅੰ:ਵਿ:ਪੱ:ਨੰ: 7/104/2011-5ਵਿਪ1/1092 ਮਿਤੀ, ਚੰਡੀਗੜ੍ਹ:15 ਦਸੰਬਰ, 2011

ਇਸ ਦਾ ਇੱਕ ਉਤਾਰਾ ਸੁਪਰਡੰਟ, ਮੰਤਰੀ ਮੰਡਲ ਮਾਮਲੇ ਸਾਖਾ ਨੂੰ ਉਨ੍ਹਾਂ ਦੇ ਅੰ:ਵਿ:ਪੱ:ਨੰ: 1/305/2011-1ਕੈਬਨਿਟ/8581, ਮਿਤੀ 12 ਦਸੰਬਰ, 2011 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ

ਸੁਪਰਡੰਟ, ਮੰਤਰੀ ਮੰਡਲ ਮਾਮਲੇ ਸਾਖਾ,
ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

ਅੰ:ਵਿ:ਪੱ:ਨੰ: 7/104/2011-5ਵਿਪ1/1093 ਮਿਤੀ, ਚੰਡੀਗੜ੍ਹ: 15ਦਸੰਬਰ, 2011

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-2 ਸ਼ਾਖਾ)

ਨੋਟੀਫੀਕੇਸ਼ਨ

ਨੰ:18/119/12-1ਸਿ2/ 5100 ਮਿਤੀ,ਚੰਡੀਗੜ੍ਹ : 18/7/12

ਸਿੱਖਿਆ ਵਿਭਾਗ ਦੇ 7654 ਕਰਮਚਾਰੀਆਂ ਦੀ ਭਰਤੀ ਸਬੰਧੀ ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਹੇਠ ਲਿਖੀਆਂ ਸ਼੍ਰੇਣੀਆ ਦੀ ਤਨਖਾਹ ਉਨ੍ਹਾਂ ਦੇ ਸਾਹਮਣੇ ਦਰਸਾਏ ਅਨੁਸਾਰ ਵਾਧਾ ਕਰਨ ਦੀ ਪ੍ਰਵਾਨਗੀ ਦਿੰਦੇ ਹਨ :-

| ਲੜੀ ਨੰ: | ਆਸਾਮੀ ਦਾ ਨਾਮ | ਵਿੱਤ ਵਿਭਾਗ ਵਲੋਂ ਪ੍ਰਤੀ ਮਹੀਨਾ ਯਕਮੁਸ਼ਤ ਪ੍ਰਵਾਨ ਕੀਤੀ ਰਕਮ |
|---|---|---|
| 1 | ਲੈਕਚਰਾਰ | 10000-00 |
| 2 | ਮਾਸਟਰ | 9000-00 |
| 3 | ਵੋਕੇਸ਼ਨਲ ਮਾਸਟਰ/ਮਿਸਟਰੈਸ | 9400-00 |
| 4 | ਆਰਟ ਤੇ ਕਰਾਫਟ ਟੀਚਰ | 8100-00 |
| 5 | ਸੀਨੀਅਰ ਲੈਬਾਰਟਰੀ ਅਟੈਂਡੇਂਟ | 6000-00 |
| 6 | ਸਹਾਇਕ ਲਾਈਬ੍ਰੇਰੀਅਨ | 7000-00 |
| 7 | ਲਾਈਬ੍ਰੇਰੀ ਰਿਸਟੋਰਰ | 6200-00 |

2. ਕਰਮਚਾਰੀਆਂ ਨੂੰ ਉਕਤ ਅਨੁਸਾਰ ਵਾਧਾ ਮਿਲਣਯੋਗ ਹੋਵੇਗਾ ਅਤੇ ਅੱਗੋ ਤੋ ਇਸ ਵਿਚ 10 ਪ੍ਰਤੀਸ਼ਤ ਸਲਾਨਾ ਵਾਧਾ ਮਿਲਣਯੋਗ ਹੋਵੇਗਾ । ਇਸ ਵਾਧੇ ਦੀ ਗਣਨਾ ਸਾਧਾਰਨ ਵਿਧੀ ਨਾਲ ਅਰਥਾਤ non-compounding basis ਤੇ ਕੀਤੀ ਜਾਵੇਗੀ । ਇਹ ਫੈਸਲਾ ਮਿਤੀ 1-12-2011 ਤੋ ਲਾਗੂ ਹੋਵੇਗਾ । ਇਨ੍ਹਾਂ ਕਰਮਚਾਰੀਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਲਈ ਤਿੰਨ ਸਾਲ ਦਾ ਸਮਾਂ ਸਬੰਧਤ ਬੈਚ ਦੇ ਪਹਿਲੇ ਕਰਮਚਾਰੀ ਵਲੋਂ ਸੇਵਾ ਜੁਆਇਨ ਕਰਨ ਦੀ ਮਿਤੀ ਤੋ ਗਿਣਿਆ ਜਾਵੇਗਾ । ਇਨ੍ਹਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਸਮੇਂ ਨਿਯੁਕਤੀ ਪੱਤਰ ਦੀਆਂ ਸ਼ਰਤਾਂ ਅਨੁਸਾਰ ਹੀ ਵਿਚਾਰ ਕੀਤਾ ਜਾਵੇਗਾ।

3. ਇਹ ਪ੍ਰਵਾਨਗੀ ਮੰਤਰੀ ਪ੍ਰੀਸ਼ਦ ਵਲੋ ਮਿਤੀ 3-12-2011 ਨੂੰ ਦਿੱਤੀ ਪ੍ਰਵਾਨਗੀ ਅਤੇ ਵਿੱਤ ਵਿਭਾਗ ਵਲੋ ਪੱਤਰ ਨੰ:7/104/2011-5ਵਿ.ਪ੍ਰ1/1091 ਮਿਤੀ 5-12-2011 ਰਾਹੀ ਦਿੱਤੀ ਪ੍ਰਵਾਨਗੀ ਦੇ ਅਧਾਰ ਤੇ ਜਾਰੀ ਕੀਤੀ ਜਾਂਦੀ ਹੈ ।

ਹੁਸਨ ਲਾਲ
ਸਕੱਤਰ, ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ ।

ਮਿਤੀ,ਚੰਡੀਗੜ੍ਹ :
16.07.2012

ਪਿ:ਅੰ:ਨੰ:18/119/12-1ਸਿ2/ 5101 ਮਿਤੀ,ਚੰਡੀਗੜ੍ਹ : 18/7/12

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ, ਪੰਜਾਬ,ਚੰਡੀਗੜ੍ਹ ।